# ਗ਼ਜ਼ਲ



ਸਤਿਨਾਮ ਸਿੰਘ 'ਕੋਮਲ'

ਲੁਧਿਆਣਾ

ਦਵੇ ਸੋਝੀ ਗੁਰੂ ਬਖਸ਼ੇ, ਬੜੇ ਭਟਕੇ ਹਨੇਰੇ ਵਿੱਚ।
ਡਰਾਵੇ ਰਾਤ ਨ੍ਹੇਰੀ ਦੇ, ਬੜੀ ਦੂਰੀ ਸਵੇਰੇ ਵਿੱਚ।
ਫਿਕਰ ਹਰ ਖਾਬ ਦੀ ਕੀਤੀ, ਗੁਆਚੇ ਨੇ ਜੋ ਸਫ਼ਰਾਂ ਵਿੱਚ,
ਭਲੇ ਵਕਤੀਂ ਜੋ ਨਾ ਲੱਭੇ, ਇਹ ਸਾਰਾ ਦੋਸ਼ ਮੇਰੇ ਵਿੱਚ।
ਭੁਲੇਖਾ ਨਾ ਕਰੇਂ ਲੇਖਾ, ਉਮਰ ਸਾਰੀ ਨਾ ਛੁੱਟ ਸਕਣਾ,
ਬਖ਼ਸ਼ ਦੇਵੇਂ ਗੁਨਾਹੀਂ ਨੂੰ, ਇਹ ਬਸ ਹੈ ਜ਼ੁਰਤ ਤੇਰੇ ਵਿੱਚ।
ਮੁਕਤ ਹੋਵਾਂ ਯਤਨ ਕਰਦਾਂ, ਕਦੇ ਉਠਦਾਂ ਕਦੇ ਡਿਗਦਾਂ।
ਹੈ ਮਰ ਮਰ ਕੇ ਅਜੇ ਜੀਂਦਾਂ ਵਿਸ਼ੇ ਪੰਜਾਂ ਦੇ ਘੇਰੇ ਵਿੱਚ।
ਕਦੇ ਜੇ ਹੌਂਸਲਾ ਕਰਦਾਂ, ਤੁਰਾਂ ਮੈਂ ਤੇਰੇ ਰਾਹਾਂ ਤੇ
ਤਾਂ ਹਿੰਮਤ ਹਾਰ ਬਹਿੰਦਾ ਹਾਂ, ਤੇ ਘਿਰ ਜਾਂਦਾਂ ਚੁਫੇਰੇ ਵਿੱਚ।
ਸ਼ੁਕਰ ਵਿੱਚ ਜੀਣ ਦਾ ਵਲ ਜੇ, ਸਿਖਾ ਦੇਵੇਂ ਤੇਰੀ ਰਹਿਮਤ,
ਤੇਰੇ ਤੱਕ ਪਹੁੰਚ ਨਾ ਸਾਡੀ, ਘੱਟੋ ਘੱਟ ਏਸ ਫੇਰੇ ਵਿੱਚ।
ਸਬਰ ਹੁੰਦਾ ਨਾ ਕੀ ਕਰਨਾ, ਬੜੀ ਹੈ ਦੌੜ ਪੈਸੇ ਦੀ,
ਜੁੜਾਂ ਤੇਰੇ 'ਨਾ ਸਭ ਛਡ ਕੇ, ਨਾ ਹਿੰਮਤ ਹੈ ਨਾ ਜੇਰੇ ਵਿੱਚ।
ਸੰਸਾਰੀ ਹਾਂ ਤੇ ਸੰਸੇ ਨੇ, ਕਦੇ ਭੁੱਖ ਦੇ ਕਦੇ ਦੁੱਖ ਦੇ,
ਨਾ ਭੀੜਾਂ ਤੋਂ ਅਲੱਗ ਹੋਇਆਂ, ਰਿਹਾ ਫੱਸਿਆ ਖਲੇਰੇ ਵਿਚ।
ਇਹ ਅਸ਼ਾਵਾਂ ਇਹ ਤ੍ਰਿਸ਼ਨਾਵਾਂ ਖਿਡਾਵਣ ਹੀ ਸਦਾ ਮਨ ਨੂੰ,
ਤੇ ਭੁੱਖ ਤਾਂ ਹੀ ਸਦਾ ਰਹਿੰਦੀ, ਹੈ ਹਰ ਛੋਟੇ ਵਡੇਰੇ ਵਿੱਚ।
ਤੇਰੀ ਰਹਿਮਤ ਮੇਰਾ ਉੱਦਮ ਤੇ ਬਖਸ਼ਿਸ਼ ਦੇ ਸਦਾ ਪਾਤਰ
ਰਜ਼ਾ ਵਿਚ ਜੇ ਰਹੇਂ ਰਾਜੀ, ਸਵੇਰੇ ਨੇ, ਹਨੇਰੇ ਵਿੱਚ।
ਤੂੰ ਰੱਜਦਾ ਨਹੀਂ ਅਜੇ ਕੋਮਲ, ਬੜਾ ਖਾ ਕੇ ਬੜਾ ਪਾ ਕੇ
ਹੰਢਾਅ ਲਈ ਬਹੁਤ ਹੈ ਉਮਰਾ, ਰਹੋ ਖੁਸ਼ ਅਪਣੇ ਡੇਰੇ ਵਿੱਚ।

*

## ਆਓ ਵੇਖੀਏ
# ਕੀ ਅਸੀਂ ਮੈਗਜ਼ੀਨ ਪੜ੍ਹਿਆ ?

ਇਸ ਕਾਲਮ ਵਿੱਚ ਹੱਥਲੇ ਅੰਕ ਜਾਂ ਪਿਛਲੇ ਕੁਝ ਅੰਕਾਂ ਵਿੱਚੋਂ ਹੀ ਕੁਝ ਸਵਾਲ ਪੁੱਛੇ ਜਾਂਦੇ ਹਨ, ਤਾਂ ਜੋ ਪਾਠਕ ਆਪ ਹੀ ਸਵੈ- ਪੜਚੋਲ ਕਰ ਸਕਣ ਕਿ ਉਹਨਾਂ ਨੇ ਮੈਗਜ਼ੀਨ ਨੂੰ ਕਿੰਨੀ ਕੁ ਸੁਹਿਰਦਤਾ ਨਾਲ ਪੜ੍ਹਿਆ ਹੈ ਅਤੇ ਪਿਛਲੇ ਪੜ੍ਹੇ ਨੂੰ ਕਿੰਨਾ ਕੁ ਸਾਂਭ ਕੇ ਰੱਖਿਆ ਹੈ। ਸਵਾਲਾਂ ਦੇ ਠੀਕ ਜਵਾਬ ਦੇਣ ਵਾਲੇ ਪਹਿਲੇ ਪੰਜ ਪਾਠਕਾਂ ਨੂੰ ਉਹਨਾਂ ਵੱਲੋਂ ਭੇਜੇ ਪਤਿਆਂ 'ਤੇ ਇੱਕ ਸਾਲ ਲਈ ''ਸਾਡਾ ਵਿਰਸਾ ਸਾਡਾ ਗੌਰਵ'' ਇਨਾਮ ਵਜੋਂ ਮੁਫਤ ਭੇਜਿਆ ਜਾਵੇਗਾ।

## ਇਸ ਅੰਕ ਲਈ ਸਵਾਲ

1. ਨੌਵੇਂ ਗੁਰੂ ਜੀ ਦਾ ਬਲੀਦਾਨ ਕੀ ਸੰਦੇਸ਼ ਦਿੰਦਾ ਹੈ?
2. ਸਾਹਿਬਜ਼ਾਦਿਆਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਨ ਵਾਲਾ ਨਵਾਬ ਸ਼ੇਰ ਮੁਹੰਮਦ ਕੌਣ ਸੀ?
3. ਸਿੱਖ ਇਤਿਹਾਸ ਵਿੱਚ ਦੀਵਾਨ ਟੋਡਰ ਮੱਲ ਦਾ ਕੀ ਯੋਗਦਾਨ ਹੈ?
4. ਸ਼ਬਦ-ਗੁਰੂ ਦੀ ਮਹੱਤਤਾ ਬਾਰੇ 5 ਪੰਕਤੀਆਂ ਲਿਖੋ।
5. ਭਗਤ ਜੈ ਦੇਵ ਜੀ ਦੇ ਜਨਮ ਅਸਥਾਨ, ਮਾਤਾ ਪਿਤਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੇ ਕਿੰਨੇ ਸ਼ਬਦ ਹਨ, ਲਿਖੋ।

## ਨਤੀਜਾ ਅਕਤੂਬਰ, 2007

1. ਸ੍ਰ: ਸੁਰਜੀਤ ਸਿੰਘ, ਕੜਿਆਣਾ ਕਲਾਂ
2. ਸ੍ਰ: ਸਿਮਰਨਜੀਤ ਸਿੰਘ, ਲੁਧਿਆਣਾ
3. ਹਰਬੰਸ ਕੌਰ, ਲੁਧਿਆਣਾ
4. ਅਮਨਦੀਪ ਕੌਰ, ਸ੍ਰੀ ਗੰਗਾ ਨਗਰ (ਰਾਜਸਥਾਨ)

ਪਾਠਕ ਇਨਾਮ ਵਜੋਂ 'ਸਾਡਾ ਵਿਰਸਾ ਸਾਡਾ ਗੌਰਵ' ਜਾਰੀ ਕਰਨ ਲਈ ਪਤੇ ਭੇਜਣ ਦੀ ਕ੍ਰਿਪਾਲਤਾ ਕਰਨ।